Exam. Code : 105403
Subject Code : 1403

**Bachelor in Business Administration (BBA) 3rd Semester**

**MUDHLI PUNJABI**

**Paper–BBA–302 (ii)**

Time Allowed—3 Hours] [Maximum Marks—50

**ਨੋਟ :** ਪ੍ਰਸ਼ਨ ਪੱਤਰ ਵਿੱਚ **ਚਾਰ** ਸੈਕਸ਼ਨ ਦਿੱਤੇ ਗਏ ਹਨ। ਹਰੇਕ ਸੈਕਸ਼ਨ ਵਿੱਚੋਂ **ਇੱਕ-ਇੱਕ** ਪ੍ਰਸ਼ਨ ਕਰਦੇ ਹੋਏ ਕੁੱਲ **ਪੰਜ** ਪ੍ਰਸ਼ਨ ਕਰੋ। **ਪੰਜਵਾਂ** ਪ੍ਰਸ਼ਨ ਕਿਸੇ ਵੀ ਸੈਕਸ਼ਨ ਵਿੱਚੋਂ ਕੀਤਾ ਜਾ ਸਕਦਾ ਹੈ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ।

StudentSuvidha.com
downloaded from

**ਸੈਕਸ਼ਨ—ਏ**

1. ਵਾਕ ਦੀ ਪਰਿਭਾਸ਼ਾ ਦਿੰਦੇ ਹੋਏ ਇਸ ਦੀਆਂ ਕਿਸਮਾਂ ਬਾਰੇ ਨੋਟ ਲਿਖੋ। 10

2. ਵਾਕੰਸ਼ ਬਾਰੇ ਨੋਟ ਲਿਖੋ। 10

**ਸੈਕਸ਼ਨ—ਬੀ**

3. ਹੇਠ ਲਿਖਿਆਂ ਮੁਹਾਵਰਿਆਂ ਵਿੱਚੋਂ ਕਿਸੇ **ਇੱਕ** ਉਪਰ ਪੈਰਾ ਰਚਨਾ ਕਰੋ :

(1) ਗੁਰੂ ਨਾਨਕ ਦੇਵ ਜੀ

(2) ਇੰਟਰਨੈੱਟ

(3) ਮੋਬਾਇਲ। 10

4. ਆਪਣੇ ਕਾਲਜ ਦੇ ਪ੍ਰਿੰਸੀਪਲ ਨੂੰ ਫੀਸ ਮੁਆਫੀ ਲਈ ਅਰਜੀ ਲਿਖੋ। 10



**ਸੈਕਸ਼ਨ—ਸੀ**

5. ਹੇਠ ਲਿਖਿਆਂ ਮੁਹਾਵਰਿਆਂ ਵਿੱਚੋਂ ਕਿਸੇ **ਪੰਜ** ਦੇ ਵਾਕ ਬਣਾਓ ਤਾਂ ਜੋ ਅਰਥ ਸਪੱਸ਼ਟ ਹੋ ਜਾਣ :

ਉੱਲੂ ਸਿੱਧਾ ਕਰਨਾ, ਇੱਟ ਦਾ ਜਵਾਬ ਪੱਥਰ ਨਾਲ ਦੇਣਾ, ਈਦ ਦਾ ਚੰਨ ਹੋਣਾ, ਪਾਣੀ ਪਾਣੀ ਹੋਣਾ, ਚਾਂਦੀ ਦੀ ਜੁੱਤੀ ਮਾਰਨਾ, ਲਾਲ ਪੀਲਾ ਹੋਣਾ, ਹੱਥ ਪੀਲੇ ਕਰਨਾ, ਅੱਖਾਂ ਦਾ ਤਾਰਾ। 10

6. ਹੇਠ ਲਿਖੇ ਅਖਾਣਾਂ ਦੇ ਅਰਥ ਸਪੱਸ਼ਟ ਕਰੋ :

ਉਹ ਦਿਨ ਡੁੱਬਾ ਜਦੋਂ ਘੋੜੀ ਚੜ੍ਹਿਆ ਕੁੱਬਾ, ਸੱਦੀ ਨਾ ਬੁਲਾਈ ਮੈਂ ਲਾੜੇ ਦੀ ਤਾਈ, ਸੌ ਸੁਨਿਆਰ ਦੀ ਇੱਕ ਲੁਹਾਰ ਦੀ, ਸੌ ਹੱਥ ਰੱਸਾ ਸਿਰੇ ਤੇ ਗੰਢ, ਉਹ ਕਿਹੜੀ ਗਲੀ ਜਿੱਥੇ ਭਾਗੋ ਨਹੀਂ ਖਲੀ, ਨਵਾਂ ਨੌਂ ਦਿਨ ਪੁਰਾਣਾ ਸੌ ਦਿਨ, ਜਿਸਦੀ ਕੋਠੀ ਦਾਣੇ ਉਸਦੇ ਕਮਲੇ ਵੀ ਸਿਆਣੇ, ਉੱਖਲੀ ਚ ਸਿਰ ਦਿੱਤਾ ਤਾਂ ਮੋਹਲਿਆਂ ਦਾ ਕੀ ਡਰ। 10

**ਸੈਕਸ਼ਨ—ਡੀ**

7. ਹੇਠ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ :

ਨੌਵੇਂ ਸਤਿਗੁਰੂ ਧਰਮ ਦੀ ਮੂਰਤਿ ਸਨ। ਉਸਰ ਰਹੇ ਨਵੇਂ ਸਮਾਜ ਨੂੰ ਉਨ੍ਹਾਂ ਨੇ ਆਤਮ ਤਿਆਗ ਅਤੇ ਪਰਉਪਕਾਰ ਦਾ ਸਬਕ ਚਾਂਦਨੀ ਚੌਂਕ ਦਿੱਲੀ ਵਿੱਚ ਸੀਸ ਭੇਟ ਕਰਕੇ ਦਿੱਤਾ।



Download all NOTES and PAPERS at StudentSuvidha.com

ਗੁਰੂ ਗੋਬਿੰਦ ਸਿੰਘ ਜੀ ਇਸ ਮਹਾਨ ਵਿਰਸੇ ਦੇ **ਉੱਤਰਧਿਕਾਰੀ** ਸਨ। ਸੰਗਤ, ਪੰਗਤ, ਸੰਗਠਨ, ਕੇਂਦਰੀ ਸਥਾਨ, ਸ਼ਬਦ ਬੋਹਿਥ, ਗੁਰੂ ਗ੍ਰੰਥ ਸਾਹਿਬ, ਸੰਜਮ, **ਬਿਬੇਕ** ਤੇ ਪਰਉਪਕਾਰ ਨੇਂ ਨਿਧਾਂ ਦਾ ਭੰਡਾਰ ਇਹਨਾਂ ਦਾ ਅਮੁੱਲ **ਵਿਰਸਾ** ਸੀ। ਇਸ ਅਮੁੱਲ ਵਿਰਸੇ ਅਤੇ ਪ੍ਰਭੂ ਦੀ ਇੱਕੋ ਇੱਕ ਓਟ ਉੱਤੇ ਅਟਲ ਵਿਸ਼ਵਾਸ ਰੱਖਦਿਆਂ ਹੋਇਆਂ ਆਪ ਨੇ ਖ਼ਾਲਸਾ ਪੰਥ ਦੀ ਅਗਵਾਈ ਕੀਤੀ।

(1) ਗੁਰੂ ਗੋਬਿੰਦ ਸਿੰਘ ਜੀ ਨੇ ਪੰਥ ਦੀ ਅਗਵਾਈ ਕਿਵੇਂ ਕੀਤੀ ?

(2) ਗੁਰੂ ਤੇਗ ਬਹਾਦਰ ਜੀ ਨੇ ਮਨੁੱਖਤਾ ਨੂੰ ਕੀ ਸਿੱਖਿਆ ਦਿੱਤੀ ?

(3) ਇਹਨਾਂ ਦਾ ਅਮੁੱਲ ਵਿਰਸਾ ਕੀ ਹੈ ?

(4) ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

(5) ਮੋਟੇ ਸ਼ਬਦਾਂ ਦੇ ਅਰਥ ਲਿਖੋ। 2×5=10

8. ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰਕੇ, ਢੁੱਕਵਾਂ ਸਿਰਲੇਖ ਲਿਖੋ :

ਬਹੁਤ ਸਦਗੁਣੀ ਮਨੁੱਖ ਨੂੰ ਤਰੱਕੀ ਕਰਦਾ ਦੇਖ ਕੇ ਲੋਕ ਘੱਟ ਈਰਖਾ ਕਰਦੇ ਹਨ ਕਿਉਂਕਿ ਉਹ ਆਪਣੇ ਮਨ ਵਿੱਚ ਇਹ ਸਮਝਦੇ ਹਨ ਕਿ ਇਹ ਆਦਮੀ ਇਸ ਆਦਰ ਦਾ ਪਾਤਰ ਹੈ। ਕਰਜ਼ ਦੇਣ ਨਾਲ ਕੋਈ ਕਿਸੇ ਦੀ ਨਿੰਦਿਆ ਨਹੀਂ ਕਰਦਾ, ਪਰ ਉਦਾਰਤਾ ਨਾਲ ਕਿਸੇ ਨੂੰ ਕੁਝ ਦਿੰਦਾ ਵੇਖ ਕੇ ਮਨੁੱਖ ਈਰਖਾ ਕਰਨ ਲੱਗਦੇ ਹਨ। ਜਿਨ੍ਹਾਂ ਮਨੁੱਖਾਂ ਦੀ ਆਪਸ ਵਿੱਚ ਬਰਾਬਰੀ ਨਹੀਂ ਹੋ ਸਕਦੀ ਉਹਨਾਂ ਵਿੱਚ ਈਰਖਾ ਵੀ ਕਦੇ ਨਹੀਂ ਜਾਗਦੀ। ਇਸੇ ਕਰਕੇ ਰਾਜਿਆਂ ਦੀ ਈਰਖਾ ਰਾਜੇ ਹੀ ਕਰਦੇ ਹਨ ਹੋਰ ਨਹੀਂ। ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਜਦ ਯੋਗਤਾ ਰਹਿਤ ਮਨੁੱਖਾਂ ਦੀ ਤਰੱਕੀ ਹੋ ਜਾਂਦੀ ਹੈ ਤਦ ਉਹ ਪਹਿਲੇ ਪਹਿਲ ਵੱਡੀ ਭਾਰੀ ਨਿੰਦਿਆ ਦੇ ਪਾਤਰ ਬਣ ਜਾਂਦੇ ਹਨ। ਪਰ ਕੁਝ ਸਮੇਂ ਪਿੱਛੋਂ ਲੋਕ ਉਹਨਾਂ ਨੂੰ ਈਰਖਾ ਦੀ ਨਜ਼ਰ ਨਾਲ ਦੇਖਣਾ ਬੰਦ ਕਰ ਦਿੰਦੇ ਹਨ। ਉਹਨਾਂ ਦੀ ਬਾਬਤ ਉਸ ਵੇਲੇ ਸਭ ਨਾਲੋਂ ਵੱਧ ਨਿੰਦਿਆ ਹੁੰਦੀ ਹੈ ਜਦੋਂ ਲੋਕ ਉਹਨਾਂ ਨੂੰ ਬਹੁਤ ਸਮੇਂ ਤੱਕ ਆਪਣੀ ਸੰਪਤੀ ਭੋਗਦਾ ਹੋਇਆ ਦੇਖਦਾ ਹੈ। ਜਿਹੜੇ ਲੋਕ ਲੰਬੇ-ਲੰਬੇ ਸਫ਼ਰ ਕਰਕੇ ਅਤੇ ਕਈ ਦੁੱਖ ਅਤੇ ਸੰਕਟ ਭੋਗ ਕੇ ਉਨਤੀ ਕਰਦੇ ਹਨ, ਉਹਨਾਂ ਨਾਲ ਵੀ ਈਰਖਾ ਬਹੁਤ ਘੱਟ ਹੁੰਦੀ ਹੈ। ਮਨੁੱਖ ਸਮਝਦੇ ਹਨ ਕਿ ਇੱਜ਼ਤ ਪਾਉਣ ਲਈ ਉਹਨਾਂ ਲੋਕਾਂ ਨੂੰ ਅਨੇਕਾਂ ਕਸ਼ਟ ਸਹਾਰਨੇ ਪਏ ਹਨ। ਇਸ ਲਈ ਮਨੁੱਖਾਂ ਨੂੰ ਉਹਨਾਂ ਉੱਤੇ ਦਇਆ ਆਉਂਦੀ ਹੈ। ਈਰਖਾ ਰੂਪੀ ਰੋਗ ਵੀ ਦਇਆ ਰੂਪੀ ਇਕ ਭਾਰੀ ਦਵਾਈ ਹੈ। 10





downloaded from StudentSuvidha.com

Download all NOTES and PAPERS at StudentSuvidha.com